# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ
# ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ (ਪਿਕਟਸ)

ਐਸ.ਸੀ ਓ ਨੰ.162-164, ਤੀਜੀ ਮੰਜ਼ਿਲ, ਸੈਕਟਰ-34/A, ਚੰਡੀਗੜ੍ਹ

ਵੱਲ

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਸਕੂਲ ਮੁੱਖੀ (ਵੈਬ ਸਾਈਟ ਰਾਹੀ)

ਪੱਤਰ ਨੰ. 3/5-ICT/2011/Misc/MM/4955-77
ਮਿਤੀ: 03.09.12

**ਵਿਸ਼ਾ: ਆਈ. ਸੀ .ਟੀ ਪ੍ਰੋਜੈਕਟ ਹੇਠ ਸਕੂਲਾਂ ਵਿੱਚ ਲਗਾਏ ਹਾਰਡਵੇਅਰ ਦੀ ਮੇਂਟੇਨੈਂਸ ਨੂੰ ਕਾਰਗਰ ਬਣਾਉਣ ਬਾਰੇ।**

1 ਇਸ ਦਫਤਰ ਦੇ ਪੱਤਰ ਨੰ. 3/5-ICT/2011/Misc/MM/1684 ਮਿਤੀ 30.03.12 ਅਤੇ 3/5-ICT/2011/Misc/MM/4605-26 ਮਿਤੀ 06.08.12 ਦਾ ਹਵਾਲਾ ਹੈ ਜੀ।

2 ਇਹ ਵੇਖਿਆ ਗਿਆ ਹੈ ਕਿ ਆਈ. ਸੀ .ਟੀ ਪ੍ਰੋਜੈਕਟ ਹੇਠ ਸਕੂਲਾਂ ਵਿੱਚ ਲਗਾਏ ਹਾਰਡਵੇਅਰ ਦੀ ਮੇਂਟੇਨੈਂਸ ਵੱਲ ਲੌੜੀਦਾ ਧਿਆਨ ਨਹੀ ਦਿੱਤਾ ਜਾ ਰਿਹਾ ਹੈ ਅਤੇ ਨਤੀਜੇ ਵੱਜੋਂ ਹਾਰਡਵੇਅਰ ਦਿਨਾਂ ਬੱਧੀ ਖਰਾਬ ਪਿਆ ਰਹਿੰਦਾ ਹੈ। ਇਸ ਸਥਿਤੀ ਨਾਲ ਨਿਪਟਣ ਲਈ ਸਕੂਲ ਮੁੱਖੀ, ਕੰਪਿਊਟਰ ਅਧਿਆਪਕ, ਜਿਲ੍ਹਾਂ ਆਈ. ਸੀ. ਟੀ ਕੁਆਡੀਨੇਟਰਾਂ ਅਤੇ ਪ੍ਰੋਜੈਕਟ ਕੁਆਡੀਨੇਟਰਾਂ ਦੀ ਮੁੱਖ ਭੂਮਿਕਾ ਹੈ ਅਤੇ ਉਨ੍ਹਾਂ ਨੂੰ ਇਸ ਬਾਰੇ ਹੋਰ ਜਿਆਦਾ ਧਿਆਨ ਦੇਣ ਦੀ ਜਰੂਰਤ ਹੈ। ਖਾਸ ਤੌਰ ਤੇ ਇਹ ਵੇਖਿਆ ਗਿਆ ਹੈ ਕਿ ਕੰਪਿਊਟਰ ਅਧਿਆਪਕ ਖਰਾਬ ਹਾਰਡਵੇਅਰ ਦੀ ਸ਼ਕਾਇਤ ਜਾਂ ਤਾਂ ਦਰਜ ਹੀ ਨਹੀ ਕਰਵਾਉਂਦੇ, ਜੇ ਕਰਵਾਉਂਦੇ ਹਨ ਤਾਂ ਕਾਫੀ ਸਮਾਂ ਬੀਤਣ ਤੋਂ ਬਾਅਦ ਕਰਵਾਉਂਦੇ ਹਨ। ਇਸ ਤਰ੍ਹਾਂ ਹੀ ਜਿਲ੍ਹਾਂ ਆਈ ਸੀ ਟੀ ਕੁਆਡੀਨੇਟਰਾਂ ਅਤੇ ਪ੍ਰੋਜੈਕਟ ਕੁਆਡੀਨੇਟਰਾਂ ਨੂੰ ਹਦਾਇਤ ਹੈ ਕਿ ਉਹ ਹਰ ਹਫਤੇ ਵੈਂਡਰ ਨਾਲ ਮੀਟਿੰਗ ਕਰਕੇ ਖਰਾਬ ਹਾਰਡਵੇਅਰ ਦੀ ਰਿਪੇਅਰ ਦਾ ਜਾਇਜਾ ਲੈਣਗੇ, ਪਰ ਇਸ ਅਹਿਮ ਮੁੱਦੇ ਤੇ ਧਿਆਨ ਨਹੀਂ ਦਿੱਤਾ ਹਾ ਰਿਹਾ ਅਤੇ ਮੀਟਿੰਗਾਂ ਨਿਯਮਿਤ ਤੌਰ ਤੇ ਨਹੀਂ ਕੀਤੀਆਂ ਜਾਂਦੀਆਂ ਹਨ।

2 ਹਾਰਡਵੇਅਰ ਦੀ ਮੇਨਟੇਨੈਂਸ ਨੂੰ ਹੋਰ ਕਾਰਗਰ ਬਣਾਉਣ ਲਈ ਹੇਠ ਦਿੱਤੀਆਂ ਹਦਾਇਤਾਂ ਤੇ ਅਮਲ ਪੂਰੀ ਤਰ੍ਹਾਂ ਯਕੀਨੀ ਬਣਾਇਆ ਜਾਵੇ ਜੀ:-

(ੳ) ਸਕੂਲ ਮੁੱਖੀ ਹਰ ਰੋਜ ਸਵੇਰੇ ਕੰਪਿਊਟਰ ਲੈਬ ਵਿੱਚ ਜਾ ਕੇ ਇਹ ਯਕੀਨੀ ਬਣਾਉਣਗੇ ਕਿ ਲੈਬ ਵਿੱਚ ਮੌਜੂਦ ਹਾਰਡਵੇਅਰ ਠੀਕ ਕੰਮ ਕਰ ਰਿਹਾ ਹੈ ਜਾ ਨਹੀ ਅਤੇ ਕੰਪਿਊਟਰ ਅਧਿਆਪਕ ਨੂੰ ਸਾਰੇ ਕੰਪਿਊਟਰ ਚਲਾ ਕੇ ਦਿਖਾਉਣ ਲਈ ਕਹਿਣਗੇ। ਜੇਕਰ ਕੋਈ ਕੰਪਿਊਟਰ ਖਰਾਬ ਹੋਵੇ ਤਾ ਉਸੇ ਵੇਲੇ ਉਸਦੀ ਸ਼ਿਕਾਇਤ ਸਬੰਧਤ ਵੈਂਡਰ ਨੂੰ ਦਰਜ ਕਰਵਾਉਣ ਲਈ ਕੰਪਿਊਟਰ ਅਧਿਆਪਕ ਨੂੰ ਕਹਿਣਗੇ। ਹਾਰਡਵੇਅਰ ਖਰਾਬ ਹੋਣ ਦੀ ਸੂਰਤ ਵਿੱਚ ਕੰਪਿਊਟਰ ਟੀਚਰ ਦੀ ਇਹ ਜੁੰਮੇਵਾਰੀ ਹੋਵੇਗੀ ਕਿ ਉਹ ਖਰਾਬ ਹਾਰਡਵੇਅਰ ਦੀ ਸ਼ਿਕਾਇਤ ਸਬੰਧਤ ਵੈਂਡਰ ਨੂੰ ਦਰਜ ਕਰਵਾਉਣ ਅਤੇ ਸ਼ਿਕਾਇਤ ਰਜਿਸਟਰ ਵਿੱਚ ਸ਼ਿਕਾਇਤ ਦਰਜ ਕਰਵਾਉਣ ਦੀ ਮਿਤੀ, ਸਮਾਂ ਅਤੇ ਟਿਕਟ ਨੰਬਰ ਦਰਜ ਕਰਕੇ ਦਸ਼ਤਖਤ ਕਰਨ। ਜੇਕਰ ਕਿਸੇ ਸਕੂਲ ਵਿੱਚ ਇਹ ਰਜਿਸਟਰ ਨਹੀਂ ਖੋਲਿਆ ਗਿਆ ਹੈ ਇਹ ਜਲਦ ਖੋਲਿਆ ਜਾਵੇਗਾ। ਸ਼ਿਕਾਇਤ ਠੀਕ ਹੋਣ ਤੇ ਠੀਕ ਹੋਣ ਦੀ ਮਿਤੀ, ਸਮਾਂ ਦਰਜ ਸ਼ਿਕਾਇਤ ਦੇ ਸਾਮ੍ਹਣੇ ਲਿਖਿਆ ਜਾਵੇਗਾ ਅਤੇ ਸਬੰਧਤ ਕੰਪਿਊਟਰ ਟੀਚਰ ਅਤੇ ਵੈਂਡਰ ਸਾਈਨ ਕਰਨਗੇ। ਨਾਲ ਹੀ ਵੈਂਡਰ ਦੇ ਇੰਜੀਨੀਅਰ ਦੀ ਜਿਲ੍ਹਾ ਆਈ.ਸੀ.ਟੀ. ਕੋਆਰਡੀਨੇਟਰ ਨਾਲ ਗੱਲ ਕਰਵਾਈ ਜਾਵੇਗੀ ਕਿ ਸ਼ਿਕਾਇਤ ਠੀਕ ਹੋ ਗਈ ਹੈ। ਕੰਪਿਊਟਰ ਟੀਚਰ ਹਰ ਹਫਤੇ ਦਰਜ ਕਰਵਾਈਆਂ ਸ਼ਿਕਾਇਤਾਂ ਦਾ ਵੇਰਵਾ ਜ਼ਿਲਾ ਆਈ.ਸੀ.ਟੀ. ਕੋਆਰਡੀਨੇਟਰ ਅਤੇ ਪ੍ਰੋਜੈਕਟ ਕੁਆਡੀਨੇਟਰਾਂ ਨੂੰ ਹਰ ਮੰਗਲਵਾਰ ਨੂੰ ਈ-ਮੇਲ ਰਾਹੀਂ ਭੇਜੇਗਾ। ਜਿਲ੍ਹਾ ਆਈ ਸੀ ਟੀ ਕੁਆਡੀਨੇਟਰ ਅਤੇ ਪ੍ਰੋਜੈਕਟ ਕੁਆਡੀਨੇਟਰ ਭੇਜੀਆ ਸਾਰੀਆ ਰਿਪੋਟਰਾਂ ਦਾ ਸਕੰਲਨ ਕਰਕੇ ਇਸ ਦਫਤਰ ਨੂੰ ਭੇਜੇਗਾ। ਇਹ ਰਿਪੋਟਰ ਜਿਲ੍ਹਾ ਆਈ ਸੀ ਟੀ ਕੁਆਡੀਨੇਟਰ ਵੱਲੋ ਮਹੀਨਾਵਾਰ ਮੀਟਿੰਗ ਵਿੱਚ ਵੀ ਲਿਆਦੀ ਜਾਣਗੀਆ।

(ਅ) ਉਪੱਰ ਦੀ ਤਰਾਂ, ਵੈਂਡਰ ਦਾ ਇੰਜੀਨੀਅਰ ਖਰਾਬ ਹਾਰਡਵੇਅਰ ਦੇ ਰਿਪਲੇਸ ਕਰਨ ਵਾਲੇ ਪਾਰਟ ਨੂੰ ਚੈਕ ਕਰਕੇ ਉਸਦੀ ਥਾਂ ਤੇ ਨਵਾਂ ਪਾਰਟ ਦੋ ਦਿਨਾਂ ਦੇ ਅੰਦਰ-ਅੰਦਰ ਰਿਪਲੇਸ ਕਰੇਗਾ। ਜਦੋ ਤੱਕ ਨਵਾਂ ਪਾਰਟ ਰਿਪਲੇਸ ਨਹੀ ਕੀਤਾ ਜਾਦਾ ਉਦੋ ਤੱਕ ਖਰਾਬ ਹਾਰਡਵੇਅਰ ਵੈਂਡਰ ਨੂੰ ਲਿਜਾਉਣ ਨਹੀ ਦਿੱਤਾ ਜਾਵੇਗਾ। ਅਗਰ ਕੋਈ ਪਾਰਟ ਦੋ ਦਿਨਾਂ ਤੋ ਤੱਕ ਨਹੀ ਲਗਾਇਆ ਜਾਦਾ ਤਾਂ ਇਸ ਦੀ ਸੂਚਨਾ ਜਨਰਲ ਮੈਂਨੇਜਰ (ਆਈ.ਸੀ.ਟੀ) ਮੁੱਖ ਦਫਤਰ ਨੂੰ ਲੇਡ ਲਾਈਨ ਨੰ. 0172-5041150 ਤੇ ਦਿੱਤੀ ਜਾਵੇ।

(ੲ) ਜੇਕਰ ਸਬੰਧਤ ਵੈਂਡਰ ਵੱਲੋ ਖਰਾਬ ਹਾਰਡਵੇਅਰ ਨੂੰ 7 ਦਿਨਾਂ ਵਿੱਚ ਠੀਕ ਨਹੀ ਕੀਤਾ ਜਾਦਾ ਤਾ ਉਸ ਦੀ ਸੂਚਨਾ (ਸ਼ਿਕਾਇਤ ਨੰਬਰ ਦੇ ਨਾਲ) ਇਸ ਦਫਤਰ ਨੂੰ hwcomplaints@gmail.com ਤੇ ਦਿੱਤੀ ਜਾਵੇ।

(ਸ) **ਕੰਪਿਊਟਰ ਲੈਬ ਨੂੰ ਪੂਰੀ ਤਰ੍ਹਾ ਚਾਲੂ ਰੱਖਣ ਦੀ ਜੁੰਮੇਵਾਰੀ ਕੰਪਿਊਟਰ ਅਧਿਆਪਕ ਦੀ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕੰਪਿਊਟਰ ਅਧਿਆਪਕ ਖਿਲਾਫ ਬਣਦੀ ਸਖਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ ਅਤੇ ਉਸ ਨੂੰ ਪ੍ਰਬੰਧਕੀ ਆਧਾਰ ਤੇ ਪੰਜਾਬ ਵਿੱਚ ਕਿਤੇ ਵੀ ਬਦਲੀ ਕੀਤਾ ਜਾ ਸਕਦਾ ਹੈ।**

(ਹ) ਕੰਪਿਊਟਰ ਅਧਿਆਪਕ ਇਹ ਯਕੀਨੀ ਬਣਾਉਣ ਕਿ ਖਰਾਬ ਹਾਰਡਵੇਅਰ ਦੀ ਸ਼ਿਕਾਇਤ ਸਿੱਧੇ ਤੋਰ ਤੇ ਇੰਜੀਨੀਅਰ ਨੂੰ ਨਾ ਕਰਕੇ ਵੈਂਡਰ ਨੂੰ ਦਿੱਤੇ ਗਏ ਸ਼ਿਕਾਇਤ ਨੰਬਰਾਂ 0172-2240142, 2240144, 2240147, 2240149, 2240150 ਅਤੇ 2240157 ਤੇ ਦਰਜ ਕਰਵਾ ਕੇ ਟੋਕਨ ਨੰ. ਲੈਣਗੇ।

3 ਸਮੂਹ ਜਿਲ੍ਹਾ ਸਿੱਖਿਆ ਅਧਿਕਾਰੀ (ਸੈ) ਨੂੰ ਬੇਨਤੀ ਹੈ ਕਿ ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ**